# ਚੀਮਾ ਮੈਡੀਕਲ ਹਸਪਤਾਲ ਵਿੱਚ 207 ਮਰੀਜ਼ਾਂ ਦੀ ਮੁਫਤ ਜਾਂਚ

ਮੁਹਾਲੀ, 26 ਸਤੰਬਰ (ਨਿਜੀ ਪੱਤਰ ਪ੍ਰੇਰਕ)-ਸਥਾਨਕ ਫੇਜ਼-4 ਸਥਿਤ ਚੀਮਾ ਮੈਡੀਕਲ ਕੰਪਲੈਕਸ ਵੱਲੋਂ ਪੁਲੀਸ ਕਰਮਚਾਰੀਆਂ ਲਈ ਮੁਫਤ ਮੈਡੀਕਲ ਚੈੱਕਅੱਪ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ 207 ਮਰੀਜ਼ਾਂ ਦਾ ਚੈਕਅੱਪ ਕੀਤਾ ਗਿਆ। ਕੈਂਪ ਦੌਰਾਨ ਵਿਸ਼ੇਸ਼ ਤੌਰ 'ਤੇ ਦਿਲ, ਅੱਖਾਂ, ਨੱਕ, ਕੰਨ, ਗਲਾ, ਇਸਤਰੀ ਰੋਗ, ਬੱਚਿਆਂ ਦੇ ਰੋਗਾਂ ਦੀ ਜਾਂਚ ਕੀਤੀ ਗਈ ਅਤੇ ਇਸ ਤੋਂ ਇਲਾਵਾ ਲੈਬ ਟੈਸਟ, ਈ.ਸੀ.ਜੀ., ਐਕਸਰੇ ਆਦਿ ਮੁਫਤ ਕੀਤੇ ਗਏ।

ਕੈਂਪ ਦਾ ਉਦਘਾਟਨ ਐਸ.ਐਸ.ਪੀ. ਰੋਪੜ ਸ੍ਰੀ ਸੁਰਿੰਦਰਪਾਲ ਸਿੰਘ ਨੇ ਕੀਤਾ ਤੇ ਉਨ੍ਹਾਂ ਨਾਲ ਐਸ.ਪੀ. ਮੁਹਾਲੀ ਰਾਕੇਸ਼ ਅਗਰਵਾਲ ਵੀ ਪਹੁੰਚੇ। ਚੀਮਾ ਮੈਡੀਕਲ ਕੰਪਲੈਕਸ ਦੇ ਡਾਇਰੈਕਟਰ ਡਾ. ਬਲਵੰਤ ਸਿੰਘ ਚੀਮਾ ਨੇ ਕਿਹਾ ਕਿ ਇਹ ਕੈਂਪ ਲਗਾਤਾਰ ਚੱਲੇਗਾ ਤੇ ਮਰੀਜ਼ਾਂ ਦੀ ਫਾਲੋਅੱਪ ਜਾਂਚ ਕੀਤੀ ਜਾਵੇਗੀ।



*ਮੁਹਾਲੀ ਦੇ ਚੀਮਾ ਮੈਡੀਕਲ ਹਸਪਤਾਲ (ਫੇਜ਼-4) ਵਿੱਚ ਪੁਲੀਸ ਮੁਲਾਜ਼ਮਾਂ ਲਈ ਲਾਏ ਮੁਫਤ ਡਾਕਟਰੀ ਜਾਂਚ ਕੈਂਪ ਦਾ ਉਦਘਾਟਨ ਕਰਦੇ ਹੋਏ ਐਸ. ਐਸ. ਪੀ. ਰੋਪੜ ਸ੍ਰੀ ਸੁਰਿੰਦਰਪਾਲ ਸਿੰਘ। ਨਾਲ ਖੜੇ ਹਨ ਹਸਪਤਾਲ ਦੇ ਡਾਇਰੈਕਟਰ ਡਾ. ਬਲਵੰਤ ਸਿੰਘ ਚੀਮਾ।*